Memorial Sloan Kettering Cancer Center


ਮਰੀਜ਼ ਅਤੇ ਦੇਖਭਾਲ ਕਰਤਾ ਦੀ ਸਿੱਖਿਆ

# ਨੁਸਖ਼ੇ ਵਾਲੀ ਦਵਾਈ ਦਾ ਲੇਬਲ ਕਿਵੇਂ ਪੜ੍ਹਨਾ ਹੈ

ਇਹ ਜਾਣਕਾਰੀ ਤੁਹਾਨੂੰ ਨੁਸਖ਼ੇ ਵਾਲੀਆਂ ਦਵਾਈਆਂ ਦੇ ਲੇਬਲ ਨੂੰ ਪੜ੍ਹਨ ਵਿੱਚ ਮਦਦ ਕਰੇਗੀ।

## ਨੁਸਖ਼ੇ ਵਾਲੀ ਦਵਾਈ ਦੇ ਲੇਬਲ ’ਤੇ ਕੀ ਵੇਖਣਾ ਹੈ

ਜ਼ਿਆਦਾਤਰ ਨੁਸਖ਼ੇ ਵਾਲੀਆਂ ਦਵਾਈਆਂ ਦੇ ਲੇਬਲਾਂ ਵਿੱਚ ਇੱਕੋ ਜਿਹੀ ਜਾਣਕਾਰੀ ਹੁੰਦੀ ਹੈ। ਇਹ ਲੇਬਲ ਅਕਸਰ ਇਸ ਗੱਲ ’ਤੇ ਨਿਰਭਰ ਕਰਦੇ ਹਨ ਕਿ ਤੁਸੀਂ ਕਿਸ ਫਾਰਮੇਸੀ ਦੀ ਵਰਤੋਂ ਕਰਦੇ ਹੋ। ਹੇਠਾਂ MSK ਦੀ ਫਾਰਮੇਸੀ ਤੋਂ ਪ੍ਰਾਪਤ ਇੱਕ ਲੇਬਲ ਦੀ ਇੱਕ ਉਦਾਹਰਨ ਹੈ (ਚਿੱਤਰ 1 ਦੇਖੋ)।



ਚਿੱਤਰ 1. MSK ਦੀ ਫਾਰਮੇਸੀ ਤੋਂ ਪ੍ਰਾਪਤ ਦਵਾਈ ਦੇ ਲੇਬਲ ਦੀ ਉਦਾਹਰਨ

ਇਹ ਜਾਣਨਾ ਮਹੱਤਵਪੂਰਨ ਹੈ ਕਿ ਤੁਹਾਡੀਆਂ ਨੁਸਖ਼ੇ ਵਾਲੀਆਂ ਦਵਾਈਆਂ ਦੇ ਲੇਬਲਾਂ ’ਤੇ ਹੇਠ ਲਿਖੀ ਜਾਣਕਾਰੀ ਕਿੱਥੋਂ ਪ੍ਰਾਪਤ ਕਰਨੀ ਹੈ:

- **ਮਰੀਜ਼ ਦਾ ਨਾਮ:** ਇਹ ਤੁਹਾਡਾ ਨਾਮ ਜਾਂ ਉਸ ਵਿਅਕਤੀ ਦਾ ਨਾਮ ਹੈ ਜਿਸਨੂੰ ਦਵਾਈ ਦਾ ਨੁਸਖ਼ਾ ਦਿੱਤਾ ਗਿਆ ਹੈ।
- **ਦਵਾਈ ਦਾ ਨਾਮ:** ਇਹ ਜਾਂ ਤਾਂ ਆਮ ਨਾਮ ਜਾਂ ਬ੍ਰਾਂਡ ਨਾਲ ਆਮ ਨਾਮ ਹੋ ਸਕਦੇ ਹਨ।
- **ਦਵਾਈ ਦੀ ਤਾਕਤ:** ਹਰ ਗੋਲੀ ਜਾਂ ਟੈਬਲਟ ਵਿੱਚ ਕਿੰਨੀ ਤਾਕਤ ਹੁੰਦੀ ਹੈ।
- **ਦਵਾਈ ਦੀ ਮਾਤਰਾ:** ਕੰਟੇਨਰ ਵਿੱਚ ਕਿੰਨੀਆਂ ਗੋਲੀਆਂ ਜਾਂ ਟੈਬਲਟ ਹਨ।
- **ਰਿਫਿਲ ਬਾਕੀ ਹੈ**। ਇਹ ਤੁਹਾਨੂੰ ਇਹ ਜਾਣਨ ਵਿੱਚ ਮਦਦ ਕਰਦਾ ਹੈ ਕਿ ਤੁਸੀਂ ਨੁਸਖ਼ੇ ਨੂੰ ਕਿੰਨੀ ਵਾਰ ਦੁਬਾਰਾ ਭਰ ਸਕਦੇ ਹੋ (ਵਧੇਰੇ ਦਵਾਈ ਪ੍ਰਾਪਤ ਕਰ ਸਕਦੇ ਹੋ)। ਇੱਕ ਵਾਰ ਜਦੋਂ ਤੁਸੀਂ ਸਾਰੀਆਂ ਰੀਫਿਲਾਂ (ਮੁੜ-ਭਰਨ) ਦੀ ਵਰਤੋਂ ਕਰ ਲੈਂਦੇ ਹੋ, ਤਾਂ ਤੁਹਾਨੂੰ ਇੱਕ ਨਵੇਂ ਨੁਸਖੇ ਦੀ ਲੋੜ ਪਵੇਗੀ। ਹੋਰ ਦਵਾਈਆਂ ਲੈਣ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਇੱਕ ਨਵਾਂ ਨੁਸਖ਼ਾ ਲਿਖਣ ਲਈ ਕਹੋ।
- **ਵਰਤੋਂ ਲਈ ਨਿਰਦੇਸ਼**। ਇਹ ਤੁਹਾਨੂੰ ਦੱਸਦਾ ਹੈ ਕਿ ਦਵਾਈ ਕਿਵੇਂ ਲੈਣੀ ਹੈ।

  ਤੁਹਾਡੀ ਘਰੇਲੂ ਦਵਾਈ ਸੂਚੀ ’ਤੇ ਦਿੱਤੀਆਂ ਹਦਾਇਤਾਂ ਬੋਤਲਾਂ ’ਤੇ ਦਿੱਤੀਆਂ ਹਦਾਇਤਾਂ ਤੋਂ ਵੱਖਰੀਆਂ ਹੋ ਸਕਦੀਆਂ ਹਨ। ਇਹ ਉਦੋਂ ਹੋ ਸਕਦਾ ਹੈ ਜੇਕਰ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਡੀ ਦਵਾਈ ਦੀ ਖੁਰਾਕ ਜਾਂ ਸਮਾਂ-ਸਾਰਣੀ ਨੂੰ ਤੁਹਾਡੀਆਂ ਦਵਾਈਆਂ ਦੁਬਾਰਾ ਭਰਨ

ਨਾਲੋਂ ਜ਼ਿਆਦਾ ਵਾਰ ਬਦਲਦਾ ਹੈ।

**ਹਮੇਸ਼ਾ ਆਪਣੀ ਘਰੇਲੂ ਦਵਾਈ ਸੂਚੀ ’ਤੇ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰੋ, ਨਾ ਕਿ ਦਵਾਈ ਦੀਆਂ ਬੋਤਲਾਂ ’ਤੇ ਦਿੱਤੀਆਂ ਹਦਾਇਤਾਂ ਦੀ।** ਤੁਹਾਡੀ ਘਰੇਲੂ ਦਵਾਈਆਂ ਦੀ ਸੂਚੀ ਵਿੱਚ ਤੁਹਾਡੀਆਂ ਦਵਾਈਆਂ ਬਾਰੇ ਸਭ ਤੋਂ ਤਾਜ਼ਾ ਜਾਣਕਾਰੀ ਹੈ।

ਇਹ ਜਾਣਨਾ ਵੀ ਮਦਦਗਾਰ ਹੈ ਕਿ ਇਨ੍ਹਾਂ ਨੂੰ ਕਿੱਥੇ ਦੇਖਣਾ ਹੈ:

- **ਨੁਸਖ਼ਾ ਨੰਬਰ**। ਜਦੋਂ ਤੁਸੀਂ ਨੁਸਖ਼ੇ ਨੂੰ ਦੁਬਾਰਾ ਭਰਨ ਲਈ ਫਾਰਮੇਸੀ ਨਾਲ ਸੰਪਰਕ ਕਰਦੇ ਹੋ ਤਾਂ ਤੁਹਾਨੂੰ ਇਸ ਨੰਬਰ ਦੀ ਲੋੜ ਪਵੇਗੀ।
- **ਫਾਰਮੇਸੀ ਦੀ ਜਾਣਕਾਰੀ**। ਇਹ ਆਮ ਤੌਰ ’ਤੇ ਫਾਰਮੇਸੀ ਦਾ ਨਾਮ, ਪਤਾ, ਅਤੇ ਫ਼ੋਨ ਨੰਬਰ ਹੁੰਦਾ ਹੈ। ਇਹ ਤੁਹਾਨੂੰ ਦਵਾਈ ਨੂੰ ਦੁਬਾਰਾ ਭਰਨ ਲਈ ਜਾਂ ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਸਹੀ ਫਾਰਮੇਸੀ ਨਾਲ ਸੰਪਰਕ ਕਰਨ ਵਿੱਚ ਮਦਦ ਕਰਦਾ ਹੈ ।
- **ਨੁਸਖ਼ਾ ਦੇਣ ਵਾਲੇ ਦਾ ਨਾਮ**। ਇਹ ਹੈਲਥਕੇਅਰ ਪ੍ਰਦਾਤਾ ਹੈ ਜਿਸਨੇ ਤੁਹਾਨੂੰ ਦਵਾਈ ਦਾ ਨੁਸਖ਼ਾ ਦਿੱਤਾ ਹੈ। ਇਹ ਤੁਹਾਨੂੰ ਇਹ ਜਾਣਨ ਵਿੱਚ ਮਦਦ ਕਰਦਾ ਹੈ ਕਿ ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਦਵਾਈ ਲਈ ਨਵੇਂ ਨੁਸਖੇ ਦੀ ਲੋੜ ਹੈ ਤਾਂ ਕਿਸ ਨਾਲ ਸੰਪਰਕ ਕਰਨਾ ਹੈ।

ਜੇ ਤੁਸੀਂ ਯਕੀਨੀ ਨਹੀਂ ਹੋ ਕਿ ਤੁਹਾਡੀਆਂ ਦਵਾਈਆਂ ’ਤੇ ਦਿੱਤੇ ਲੇਬਲ ਨੂੰ ਕਿਵੇਂ ਪੜ੍ਹਨਾ ਹੈ, ਤਾਂ ਮਦਦ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਜਾਂ ਫਾਰਮਾਸਿਸਟ ਨੂੰ ਪੁੱਛੋ।

If you have questions or concerns, contact your healthcare provider. A member of your care team will answer Monday through Friday from 9 a.m. to 5 p.m. Outside those hours, you can leave a message or talk with another MSK provider. There is always a doctor or nurse on call. If you’re not sure how to reach your healthcare provider, call 212-639-2000.

ਹੋਰ ਸਰੋਤਾਂ ਲਈ, ਸਾਡੀ ਵਰਚੁਅਲ ਲਾਇਬ੍ਰੇਰੀ ਨੂੰ ਖੋਜਣ ਲਈ www.mskcc.org/pe 'ਤੇ ਜਾਓ।


ਸਾਰੇ ਅਧਿਕਾਰ ਮੈਮੋਰੀਅਲ ਸਲੋਨ ਕੇਟਰਿੰਗ ਕੈਂਸਰ ਸੈਂਟਰ ਦੀ ਮਲਕੀਅਤ ਅਤੇ ਇਸ ਲਈ ਰਾਖਵੇਂ ਹਨ

**ਪਿਛਲੇ ਅਪਡੇਟ ਦੀ ਮਿਤੀ**

May 31, 2023

Learn about our Health Information Policy.